CEAS
B.C. Coalition to Eliminate Abuse of Seniors

## ਬਜ਼ੁਰਗਾਂ ਲਈ ਜਾਣਕਾਰੀ

*ਬਜ਼ੁਰਗਾਂ ਲਈ ਜਾਣਕਾਰੀ ਦੀਆਂ ਸ਼ੀਟਾਂ ਦੀ ਲੜੀ ਵਿੱਚੋਂ ਇਹ ਇਕ ਸ਼ੀਟ ਹੈ। ਹੋਰ ਇਹ ਹਨ:*

- *ਬਜ਼ੁਰਗਾਂ ਨਾਲ ਬੁਰਾ ਵਰਤਾਉ ਅਤੇ ਉਨ੍ਹਾਂ ਪ੍ਰਤੀ ਅਣਗਹਿਲੀ – ਕੀ ਇਹ ਇਕ ਜੁਰਮ ਹੈ?*
- *ਜੁਰਮਾਂ ਬਾਰੇ ਪੁਲੀਸ ਨੂੰ ਰਿਪੋਰਟ ਕਰਨਾ ਅਤੇ ਤੁਹਾਡੇ ਵਲੋਂ ਰਿਪੋਰਟ ਕਰਨ ਵੇਲੇ ਕੀ ਹੁੰਦਾ ਹੈ*
- *ਬਜ਼ੁਰਗਾਂ ਨਾਲ ਬੁਰਾ ਵਰਤਾਉ ਅਤੇ ਉਨ੍ਹਾਂ ਪ੍ਰਤੀ ਅਣਗਹਿਲੀ ਅਤੇ ਕਰਿਮੀਨਲ ਜਸਟਿਸ ਸਿਸਟਮ*
- *ਕਨੂੰਨੀ ਮਦਦ ਕਿੱਥੋਂ ਲੈਣੀ ਹੈ*
- *ਆਪਣੇ ਕੰਮਾਂ ਦੇ ਪ੍ਰਬੰਧ ਵਿਚ ਮਦਦ ਲਈ ਹੋਰ ਲੋਕਾਂ ਨੂੰ ਅਧਿਕਾਰ ਦੇਣਾ*

# *ਅਡੱਲਟ ਗਾਰਡੀਅਨਸ਼ਿਪ ਐਕਟ ਦੇ ਹਿੱਸਾ 3 ਅਧੀਨ ਬੁਰੇ ਵਰਤਾਉ ਅਤੇ ਅਣਗਹਿਲੀ ਦੀ ਰਿਪੋਰਟ ਕਰਨਾ*

ਜੇ ਤੁਸੀਂ ਸੋਚਦੇ ਹੋ ਕਿ ਤੁਹਾਨੂੰ ਜਾਣਦੇ ਕਿਸੇ ਵਿਅਕਤੀ ਨਾਲ ਬੁਰਾ ਵਰਤਾਉ ਹੋ ਰਿਹਾ ਹੈ ਜਾਂ ਉਸ ਪ੍ਰਤੀ ਅਣਗਹਿਲੀ ਵਰਤੀ ਜਾ ਰਹੀ ਹੈ ਤਾਂ ਕੀ ਤੁਹਾਨੂੰ ਪਤਾ ਹੈ ਕਿ ਕੀ ਕਰਨਾ ਹੈ? ਇਕ ਆਮ ਸਮੱਸਿਆ ਦੀ ਇਕ ਉਦਾਹਰਣ ਇੱਥੇ ਦਿੱਤੀ ਗਈ ਹੈ ਅਤੇ ਇਹ ਦੱਸਿਆ ਗਿਆ ਹੈ ਕਿ ਲੋਕ ਮਦਦ ਕਿਵੇਂ ਕਰ ਸਕਦੇ ਹਨ:

ਮੇਰੀ ਮਾਸੀ 85 ਸਾਲ ਦੀ ਹੈ ਅਤੇ ਸਰੀਰਕ ਤੌਰ 'ਤੇ ਅਪਾਹਜ ਹੈ। ਉਹ ਆਪਣੀ ਧੀ ਨਾਲ ਰਹਿੰਦੀ ਹੈ ਜੋ ਕਿ ਇਕੱਲੀ ਹੀ ਉਸ ਦੀ ਸੰਭਾਲ ਕਰਦੀ ਹੈ। ਮੈਂ ਅਕਸਰ ਉਸ ਨੂੰ ਮਿਲਣ ਜਾਂਦਾ ਹਾਂ ਅਤੇ ਮੈਨੂੰ ਸ਼ੱਕ ਹੈ ਕਿ ਉਸ ਦੀ ਧੀ ਉਸ ਨਾਲ ਸਰੀਰਕ ਬੁਰਾ ਵਰਤਾਉ ਕਰ ਰਹੀ ਹੈ। ਜਦੋਂ ਧੀ ਨੇੜੇ ਨਾ ਹੋਵੇ ਤਾਂ ਮੈਂ ਉਸ ਨਾਲ ਬੁਰੇ ਵਰਤਾਉ ਬਾਰੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਮੈਨੂੰ ਲੱਗਦਾ ਹੈ ਕਿ ਮੇਰੀ ਮਾਸੀ ਇਸ ਸਮੱਸਿਆ ਦੇ ਹੱਲ ਲਈ ਮਦਦ ਚਾਹੁੰਦੀ ਹੈ। ਮੈਂ ਕੀ ਕਰ ਸਕਦਾ ਹਾਂ? ਇਸ ਬੁਰੇ ਵਰਤਾਉ ਦੀ ਰਿਪੋਰਟ ਮੈਂ ਕਿੱਥੇ ਕਰ ਸਕਦਾ ਹਾਂ? ਕੀ ਬਜ਼ੁਰਗਾਂ ਨਾਲ ਬੁਰਾ ਵਰਤਾਉ ਇਕ ਜੁਰਮ ਹੈ?

ਬਜ਼ੁਰਗਾਂ ਨਾਲ ਬੁਰੇ ਵਰਤਾਉ ਦੇ ਕੁਝ ਰੂਪ ਜੁਰਮ ਹਨ ਪਰ "ਬਜ਼ੁਰਗਾਂ ਨਾਲ ਬੁਰਾ ਵਰਤਾਉ" ਨਾਂ ਦਾ ਕੋਈ ਜੁਰਮ ਨਹੀਂ ਹੈ। ਉਦਾਹਰਣ ਲਈ, ਜੇ ਤੁਹਾਡੀ ਮਾਸੀ ਨਾਲ ਸਰੀਰਕ ਬੁਰਾ ਵਰਤਾਉ ਹੋ ਰਿਹਾ ਹੈ ਤਾਂ ਪੁਲੀਸ ਇਸ ਨੂੰ ਇਕ ਹਮਲਾ ਸਮਝ ਸਕਦੀ ਹੈ। ਬਜ਼ੁਰਗਾਂ ਖਿਲਾਫ ਹੋਣ ਵਾਲੇ ਹੋਰ ਆਮ ਜੁਰਮਾਂ ਵਿਚ ਚੋਰੀ, ਚਾਲਬਾਜ਼ੀ, ਧਮਕੀਆਂ ਅਤੇ ਅਣਗਹਿਲੀ ਸ਼ਾਮਲ ਹਨ। ਇੱਕੋ ਵੇਲੇ ਅਕਸਰ ਕਈ ਜੁਰਮ ਹੋ ਰਹੇ ਹੁੰਦੇ ਹਨ।

ਇਹ ਪਤਾ ਲਾਉਣ ਲਈ ਆਪਣੀ ਮਾਸੀ ਨਾਲ ਗੱਲ ਕਰੋ ਕਿ ਉਸ ਲਈ ਮਸਲੇ ਕਿੰਨੇ ਕੁ ਗੰਭੀਰ ਹਨ। ਉਸ ਨੂੰ ਪੁੱਛੋ ਕਿ ਆਪਣੇ ਰਹਿਣ ਦੇ ਪ੍ਰਬੰਧਾਂ ਵਿਚ ਉਹ ਕਿਹੜੀਆਂ ਤਬਦੀਲੀਆਂ ਕਰਨਾ ਚਾਹੁੰਦੀ ਹੈ ਜੇ ਉਹ ਚਾਹੁੰਦੀ ਹੈ ਤਾਂ। ਜੇ ਉਹ ਖਤਰੇ ਵਿਚ ਹੈ ਤਾਂ ਉਸ ਨੂੰ ਸੁਰੱਖਿਅਤ ਰੱਖਣ ਲਈ ਵਿਉਂਤ ਬਣਾਉਣ ਵਿਚ ਉਸ ਦੀ ਮਦਦ ਕਰੋ। ਉਸ ਦੀ ਵਿਉਂਤ ਵਿਚ ਇਹ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ;

- ਕੋਈ ਹੋਰ ਸੰਭਾਲ ਕਰਨ ਵਾਲਾ ਲੱਭਣਾ
- ਉਨ੍ਹਾਂ ਲੋਕਾਂ ਬਾਰੇ ਪਤਾ ਲਾਉਣ ਲਈ ਵਿਕਟਿਮਲਿੰਕ ਨੂੰ ਫੋਨ ਕਰਨਾ ਜੋ ਉਸ ਦੇ ਇਲਾਕੇ ਵਿਚ ਉਸ ਦੀ ਮਦਦ ਕਰ ਸਕਦੇ ਹੋਣ। (ਟੈਲੀਫੋਨ ਨੰਬਰ ਲਈ ਸਫਾ 2 ਦੇਖੋ)
- ਕਿਸੇ ਸੁਰੱਖਿਅਤ ਥਾਂ ਲਈ ਆਪਣਾ ਘਰ ਛੱਡ ਕੇ ਜਾਣਾ, ਅਤੇ
- ਪੁਲੀਸ ਨੂੰ ਫੋਨ ਕਰਨਾ।

ਜੇ ਤੁਸੀਂ ਆਪਣੀ ਮਾਸੀ ਨਾਲ ਗੱਲ ਕਰਨ ਦੇ ਸਮਰੱਥ ਨਹੀਂ ਹੋ ਤਾਂ ਅਜਿਹੇ ਲੋਕ ਹਨ ਜਿਹੜੇ ਇਹ ਪਤਾ ਲਾਉਣ ਲਈ ਉਸ ਦੇ ਘਰ ਜਾ ਸਕਦੇ ਹਨ ਕਿ ਕੀ ਉਹ ਸੁਰੱਖਿਅਤ ਹੈ ਅਤੇ ਉਸ ਦੀਆਂ ਇੱਛਾਵਾਂ ਕੀ ਹਨ। ਉਨ੍ਹਾਂ ਨੂੰ **ਡੈਜ਼ੀਗੇਨੇਟਿਡ ਏਜੰਸੀਜ਼** ਆਖਿਆ ਜਾਂਦਾ ਹੈ। ਇਹ ਲੋਕ ਕਮਿਉਨਟੀ ਵਿਚਲੀਆਂ ਸਿਹਤ ਸੇਵਾਵਾਂ ਲਈ ਕੰਮ ਕਰਦੇ ਹਨ। ਉਹ ਉਨ੍ਹਾਂ ਬਾਲਗਾਂ ਨਾਲ ਸ਼ੱਕੀ ਬੁਰੇ ਵਰਤਾਉ ਅਤੇ ਅਣਗਹਿਲੀ ਦੀਆਂ ਰਿਪੋਰਟਾਂ ਦੀ ਪੜਤਾਲ ਕਰਦੇ ਹਨ ਜਿਹੜੇ ਆਪਣੇ ਲਈ ਆਪ ਮਦਦ ਨਹੀਂ ਮੰਗ ਸਕਦੇ।

ਜੇ ਤੁਹਾਡੇ ਕੋਲ ਕੰਪਿਊਟਰ ਹੈ ਤਾਂ ਤੁਸੀਂ ਆਪਣੇ ਇਲਾਕੇ ਲਈ ਨਿਯੁਕਤ ਕੀਤੀ ਗਈ ਏਜੰਸੀ ਬਾਰੇ ਪਬਲਿਕ ਗਾਰਡੀਅਨ ਐਂਡ ਟਰੱਸਟੀ ਦੇ ਵੈੱਬਸਾਈਟ www.trustee.bc.ca 'ਤੇ ਜਾ ਕੇ ਪਤਾ ਲਾ ਸਕਦੇ ਹੋ। **Getting Support and**

**Reporting Abuse** ’ਤੇ ਕਲਿੱਕ ਕਰੋ ਅਤੇ ਫਿਰ ਹੇਠਾਂ **Community Numbers to Report Situations of Adult Abuse and Neglect** ’ਤੇ ਜਾਉ।

ਜੇ ਤੁਸੀਂ ਕੰਪਿਊਟਰ ਦੀ ਵਰਤੋਂ ਨਹੀਂ ਕਰਦੇ ਤਾਂ ਤੁਸੀਂ ਇਹ ਪਤਾ ਲਾਉਣ ਲਈ ਅੱਗੇ ਲਿਖੇ ਟੈਲੀਫੋਨ ਨੰਬਰ ਨੂੰ ਫੋਨ ਕਰ ਸਕਦੇ ਹੋ ਕਿ ਨਿਯੁਕਤ ਕੀਤੀ ਗਈ ਤੁਹਾਡੀ ਸਥਾਨਕ ਏਜੰਸੀ ਕਿਹੜੀ ਹੈ ਅਤੇ ਆਪਣੀ ਮਾਸੀ ਲਈ ਮਦਦ ਕਿਵੇਂ ਲੈਣੀ ਹੈ।

ਤੁਹਾਡੀ ਮਾਸੀ ਕਿਉਂਕਿ ਸਰੀਰਕ ਤੌਰ ’ਤੇ ਅਪਾਹਜ ਹੈ, ਉਸ ਨੇ ਪਹਿਲਾਂ ਵੀ **ਹੋਮ ਐਂਡ ਕਮਿਊਨਟੀ ਕੇਅਰ** ਤੋਂ ਮਦਦ ਲਈ ਹੋ ਸਕਦੀ ਹੈ। ਜੇ ਅਜਿਹਾ ਹੋਇਆ ਹੈ ਤਾਂ ਇਸ ਗੱਲ ਦੀ ਬਹੁਤ ਸੰਭਾਵਨਾ ਹੈ ਕਿ ਉਹ ਸਰਵਿਸ ਹੀ ਉਸ ਦੇ ਘਰ ਜਾਵੇਗੀ। ਨਰਸਾਂ ਤੁਹਾਡੀ ਮਾਸੀ ਨੂੰ ਇਹ ਪੁੱਛਣਗੀਆਂ ਕਿ ਉਹ ਕੀ ਚਾਹੁੰਦੀ ਹੈ ਅਤੇ ਉਸ ਨੂੰ ਉਨ੍ਹਾਂ ਕਮਿਊਨਟੀ ਸੇਵਾਵਾਂ ਬਾਰੇ ਦੱਸਿਆ ਜਾਵੇਗਾ ਜਿਹੜੀਆਂ ਉਸ ਦੀ ਮਦਦ ਕਰ ਸਕਦੀਆਂ ਹਨ।

ਕਦੇ ਕਦੇ ਨਿਯੁਕਤ ਏਜੰਸੀ ਨੂੰ ਬਜ਼ੁਰਗਾਂ ਖਿਲਾਫ ਸ਼ੱਕੀ ਜੁਰਮਾਂ ਬਾਰੇ ਪੁਲੀਸ ਨੂੰ ਦੱਸਣਾ ਪੈਂਦਾ ਹੈ। ਅਜਿਹਾ ਹੋਵੇਗਾ ਜੇ ਤੁਹਾਡੀ ਮਾਸੀ ਆਪਣੀ ਅਪਾਹਜਤਾ ਕਰਕੇ ਆਪਣੇ ਲਈ ਮਦਦ ਲੈਣ ਦੇ ਯੋਗ ਨਹੀਂ ਹੈ ਜਾਂ ਜੇ ਉਸ ਦੀ ਧੀ ਉਸ ਨੂੰ ਹੋਰ ਲੋਕਾਂ ਨਾਲ ਗੱਲ ਨਹੀਂ ਕਰਨ ਦਿੰਦੀ।

ਜੇ ਤੁਹਾਡੀ ਮਾਸੀ ਆਪਣੇ ਫੈਸਲੇ ਆਪ ਕਰਨ ਅਤੇ ਆਪਣੀ ਕਾਰਵਾਈ ਕਰਨ ਦੇ ਯੋਗ ਹੈ ਤਾਂ ਨਿਯੁਕਤ ਏਜੰਸੀ ਇਹ ਸੁਝਾਅ ਦੇ ਸਕਦੀ ਹੈ ਕਿ ਉਹ ਪੁਲੀਸ ਨਾਲ ਆਪ ਸੰਪਰਕ ਕਰੇ। ਉਹ ਉਸ ਨੂੰ ਸਹਾਇਤਾ ਕਰਨ ਵਾਲੀਆਂ ਹੋਰ ਸੇਵਾਵਾਂ ਕੋਲ ਵੀ ਭੇਜਣਗੇ। ਬਹੁਤ ਸਾਰੇ ਇਲਾਕਿਆਂ ਵਿਚ ਜਿਹੜੇ ਲੋਕ ਬੁਰੇ ਵਰਤਾਉ ਅਤੇ ਅਣਗਹਿਲੀ ਵਾਲੇ ਬਜ਼ੁਰਗਾਂ ਨੂੰ ਜਾਣਕਾਰੀ ਅਤੇ ਮਦਦ ਦੀ ਪੇਸ਼ਕਸ਼ ਕਰਦੇ ਹਨ, ਉਹ **ਕਮਿਊਨਟੀ ਰਿਸਪੌਂਸ ਨੈੱਟਵਰਕ** ਨਾਲ ਸੰਬੰਧਿਤ ਹੁੰਦੇ ਹਨ।

ਕਮਿਊਨਟੀ ਰਿਸਪੌਂਸ ਨੈੱਟਵਰਕ (ਸੀ ਆਰ ਐੱਨ) ਲੋਕਾਂ ਅਤੇ ਸੰਸਥਾਵਾਂ ਦਾ ਇਕ ਗਰੁੱਪ ਹੈ ਜੋ ਕਿ ਬਜ਼ੁਰਗਾਂ ਨਾਲ ਬੁਰੇ ਵਰਤਾਉ ਅਤੇ ਉਨ੍ਹਾਂ ਪ੍ਰਤੀ ਅਣਗਹਿਲੀ ਨੂੰ ਰੋਕਣ ਅਤੇ ਰੋਕਥਾਮ ਕਰਨ ਲਈ ਰਲ ਕੇ ਕੰਮ ਕਰ ਰਹੇ ਹਨ। ਬੀ ਸੀ ਦੇ ਬਹੁਤੇ ਇਲਾਕਿਆਂ ਵਿਚ ਸੀ ਆਰ ਐੱਨਜ਼ ਹਨ। ਸੀ ਆਰ ਐੱਨਜ਼ ਬਾਰੇ ਜ਼ਿਆਦਾ ਜਾਣਨ ਲਈ ਅਤੇ ਇਹ ਪਤਾ ਲਾਉਣ ਲਈ ਕਿ ਕੀ ਅਜਿਹਾ ਨੈੱਟਵਰਕ ਤੁਹਾਡੇ ਇਲਾਕੇ ਵਿਚ ਹੈ ਜਾਂ ਨਹੀਂ, www.bccrns.ca ’ਤੇ ਸੀ ਆਰ ਐੱਨ ਦਾ ਵੈੱਬਸਾਈਟ ਦੇਖੋ।

ਜੇ ਤੁਹਾਡੀ ਇੰਟਰਨੈੱਟ ਤੱਕ ਪਹੁੰਚ ਨਹੀਂ ਹੈ ਤਾਂ ਤੁਸੀਂ ਆਪਣੇ ਇਲਾਕੇ ਵਿਚ ਨਿਯੁਕਤ ਏਜੰਸੀਆਂ ਅਤੇ ਸੀ ਆਰ ਐੱਨਜ਼ ਦੇ ਫੋਨ ਨੰਬਰ ਲੈਣ ਲਈ **ਬੀ ਸੀ ਕੋਲੀਸ਼ਨ ਟੂ ਇਲਿਮੀਨੇਟ ਅਬਿਊਜ਼ ਆਫ ਸੀਨੀਅਰਜ਼ (ਬੀ ਸੀ ਸੀ ਈ ਏ ਐੱਸ) ਨੂੰ 1-866-437-1940 ’ਤੇ ਮੁਫਤ ਫੋਨ** ਕਰ ਸਕਦੇ ਹੋ।

**ਵਿਕਟਿਮਲਿੰਕ** ਇਹ ਇਕ ਸੂਬਾਈ ਟੋਲ-ਫ੍ਰੀ ਟੈਲੀਫੋਨ ਸਰਵਿਸ ਹੈ ਜੋ ਕਿ ਜੁਰਮਾਂ ਦੇ ਸ਼ਿਕਾਰ ਸਾਰੇ ਵਿਅਕਤੀਆਂ ਲਈ ਜਾਣਕਾਰੀ ਅਤੇ ਰੈਫਰਲ ਸੇਵਾਵਾਂ ਦਿੰਦੀ ਹੈ ਅਤੇ ਪਰਿਵਾਰਕ ਅਤੇ ਕਾਮੁਕ ਹਿੰਸਾ ਦੇ ਸ਼ਿਕਾਰਾਂ ਲਈ ਸੰਕਟ ਵਿਚ ਫੌਰੀ ਮਦਦ ਕਰਦੀ ਹੈ। ਤੁਸੀਂ ਦਿਨ ਦੇ 24 ਘੰਟੇ ਅਤੇ ਹਫਤੇ ਦੇ ਸੱਤੇ ਦਿਨ, ਬੀ ਸੀ ਵਿਚ ਕਿਤਿਉਂ ਵੀ ਮੁਫਤ ਫੋਨ ਕਰ ਸਕਦੇ ਹੋ। ਇਹ ਸਰਵਿਸ ਕਈ ਜ਼ਬਾਨਾਂ ਵਿਚ ਹੈ ਅਤੇ ਟੀ ਟੀ ਵਾਈ ਸਰਵਿਸ ਹੈ। ਬੋਲ਼ੇ ਅਤੇ ਉੱਚਾ ਸੁਣਨ ਵਾਲੇ ਲੋਕ ਵਿਕਟਿਮਲਿੰਕ ਨਾਲ ਟੀ ਟੀ ਵਾਈ ਸਰਵਿਸ ਰਾਹੀਂ ਸੰਪਰਕ ਕਰ ਸਕਦੇ ਹਨ।

**ਦੂਰੋਂ ਮੁਫਤ ਨੰਬਰ:** 1-800-563-0808
**ਟੀ ਟੀ ਵਾਈ ਸਰਵਿਸ:** 604-875-0885

*ਇਹ ਜਾਣਕਾਰੀ ਸ਼ੀਟ, ਕਮਿਊਨਟੀ ਆਫ ਸਰੀ ਹੈਲਥ ਗਰਾਂਟ, ਫਰੇਜ਼ਰ ਹੈਲਥ ਅਥਾਰਟੀ ਤੋਂ ਮਿਲੀ ਮਾਇਕ ਸਹਾਇਤਾ ਨਾਲ ਤਿਆਰ ਕੀਤੀ ਗਈ।*